BRITISH COLUMBIA HealthLinkBC

Punjabi - Number 12d
September 2020

# ਇੰਨਐਕਟੀਵੇਟਿਡ ਇੰਨਫਲੂਐਨਜ਼ਾ (ਫਲੂ) ਵੈਕਸੀਨ
# Inactivated Influenza (Flu) Vaccine

## ਇੰਨਐਕਟੀਵੇਟਿਡ ਇੰਨਫਲੂਐਨਜ਼ਾ ਵੈਕਸੀਨ ਕੀ ਹੈ?

ਇੰਨਐਕਟੀਵੇਟਿਡ ਇੰਨਫਲੂਐਨਜ਼ਾ ਵੈਕਸੀਨ ਮਾਰੇ ਗਏ ਇੰਨਫਲੂਐਨਜ਼ਾ ਵਾਇਰਸਾਂ ਤੋਂ ਬਣਾਈ ਜਾਂਦੀ ਹੈ। ਇਹ ਇੰਨਫਲੂਐਨਜ਼ਾ, ਜਿਸ ਨੂੰ ਅਕਸਰ ਫਲੂ ਕਿਹਾ ਜਾਂਦਾ ਹੈ, ਦਾ ਕਾਰਨ ਬਣਨ ਵਾਲੇ ਵਾਇਰਸਾਂ ਵਿਰੁੱਧ ਰਖਿਆ ਕਰਦੀ ਹੈ। ਵੈਕਸੀਨ ਜ਼ੁਕਾਮਾਂ ਜਾਂ ਪੇਟ ਦੇ ਫਲੂ ਦਾ ਕਾਰਨ ਬਣਨ ਵਾਲੇ ਦੂਸਰੇ ਵਾਇਰਸਾਂ ਜਾਂ ਬੈਕਟੀਰੀਆ ਦੇ ਵਿਰੁੱਧ ਰੱਖਿਆ ਨਹੀਂ ਕਰਦੀ। ਬੀ. ਸੀ. ਵਿੱਚ, ਕਮਜ਼ੋਰ ਕੀਤੇ ਗਏ ਇੰਨਫਲੂਐਨਜ਼ਾ ਵਾਇਰਸਾਂ ਤੋਂ ਬਣਾਈ ਗਈ ਜ਼ਿੰਦਾ ਅਟੈਨੁਏਟਿਡ ਇੰਨਫਲੂਐਨਜ਼ਾ ਵੈਕਸੀਨ ਸਮੇਤ, ਕਈ ਵੱਖ ਵੱਖ ਇੰਨਫਲੂਐਨਜ਼ਾ ਵੈਕਸੀਨਾਂ ਉਪਲਬਧ ਹਨ। ਹੋਰ ਜਾਣਕਾਰੀ ਲਈ, HealthLinkBC File #12e ਲਾਇਵ ਅਟੈਨੁਏਟਿਡ ਇੰਨਫਲੂਐਨਜ਼ਾ (ਫਲੂ) ਵੈਕਸੀਨ ਦੇਖੋ। ਸਾਰੀਆਂ ਵੈਕਸੀਨਾਂ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹਨ।

ਬੀ. ਸੀ. ਵਿਚ, ਇੰਨਫਲੂਐਨਜ਼ਾ ਵੈਕਸੀਨਾਂ ਆਮਤੌਰ ਤੇ ਅਕਤੂਬਰ ਵਿੱਚ ਉਪਲਬਧ ਹੁੰਦੀਆਂ ਹਨ। ਆਪਣੀ ਸਭ ਤੋਂ ਵਧੀਆ ਸੁਰੱਖਿਆ ਲਈ, ਜਿੰਨੀ ਜਲਦੀ ਸੰਭਵ ਹੋਵੇ ਬੀਮਾਰੀ ਤੋਂ ਬਚਾਓ ਲਈ ਟੀਕਾ ਲਗਵਾਓ। ਇਹ ਪਤਾ ਕਰਨ ਲਈ ਕਿ ਕੀ ਵੈਕਸੀਨਾਂ ਉਪਲਬਧ ਹਨ, ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜਾਂ ਫਲੂ ਕਲੀਨਿਕ ਦਾ ਪਤਾ ਲਗਾਉਣ ਲਈ http://immunizebc.ca/clinics/flu ਤੇ ਇੰਮਿਯੂਨਾਇਜ਼ ਬੀ ਸੀ ਤੇ ਜਾਓ।

## ਵੈਕਸੀਨ ਕਿਸ ਨੂੰ ਦਿੱਤੀ ਜਾਣੀ ਚਾਹੀਦੀ ਹੈ?

ਬੀ.ਸੀ. ਵਿਚ, ਇੰਨਐਕਟੀਵੇਟਿਡ ਇੰਨਫਲੂਐਨਜ਼ਾ ਵੈਕਸੀਨ ਜਾਂ ਫਲੂ ਦਾ ਟੀਕਾ ਹੇਠਾਂ ਦਿਤੇ ਲੋਕਾਂ ਦੇ ਸਮੂਹਾਂ ਨੂੰ ਮੁਫਤ ਦਿੱਤਾ ਜਾਂਦਾ ਹੈ।

**ਇੰਨਫਲੂਐਨਜ਼ਾ ਕਰਕੇ ਗੰਭੀਰ ਬੀਮਾਰੀ ਦੇ ਜਿਆਦਾ ਖਤਰੇ ਵਾਲੇ ਲੋਕ, ਜਿਵੇਂ ਕਿ:**

- 6 ਮਹੀਨੇ ਤੋਂ 5 ਸਾਲ ਤੋਂ ਘੱਟ ਉਮਰ ਦੇ ਬੱਚੇ
- ਗਰਭਵਤੀ ਔਰਤਾਂ ਜੋ ਕਿ ਇੰਨਫਲੂਐਨਜ਼ਾ ਦੇ ਮੌਸਮ ਦੇ ਦੌਰਾਨ ਗਰਭ ਦੇ ਕਿਸੇ ਵੀ ਪੜਾਅ ਤੇ ਹਨ
- 65 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਬਜ਼ੁਰਗ
- ਰਿਹਾਇਸ਼ੀ ਦੇਖਭਾਲ, ਸਹਾਇਕ ਰਹਿਣ ਸਹਿਣ ਜਾਂ ਦੂਸਰੀਆਂ ਸਮੂਹਕ ਸਹੂਲਤਾਂ ਵਿੱਚ ਰਹਿਣ ਵਾਲੇ ਕਿਸੇ ਵੀ ਉਮਰ ਦੇ ਨਿਵਾਸੀ
- ਮੂਲ ਨਿਵਾਸੀ (Indigenous) ਲੋਕ
- ਕਿਸੇ ਮੈਡੀਕਲ ਅਵਸਥਾ ਵਾਲੇ ਬੱਚੇ ਅਤੇ ਕਿਸ਼ੋਰ ਜਿੰਨਾਂ ਨੂੰ ਸਮੇਂ ਦੀਆਂ ਲੰਮੀਆਂ ਮਿਆਦਾਂ ਲਈ ਐਸਪਰਿੰਨ® (Aspirin®) ਜਾਂ ਏਐਸਏ (ASA) ਲੈਣ ਦੀ ਲੋੜ ਹੈ
- ਕੁਝ ਖਾਸ ਮੈਡੀਕਲ ਅਵਸਥਾਵਾਂ ਵਾਲੇ ਬੱਚੇ ਅਤੇ ਬਾਲਗ, ਜਿੰਨਾਂ ਵਿੱਚ ਸ਼ਾਮਲ ਹਨ:
  - ਦਿਲ ਜਾਂ ਫੇਫੜਿਆਂ ਦੀਆਂ ਬੀਮਾਰੀਆਂ ਜੋ ਨੇਮਕ ਮੈਡੀਕਲ ਦੇਖਭਾਲ ਮੰਗਦੀਆਂ ਹਨ, ਜਿਵੇਂ ਕਿ ਦਮਾ, ਫੇਫੜਿਆਂ ਵਿਚ ਰੁਕਾਵਟ ਦੀ ਪੁਰਾਣੀ ਬੀਮਾਰੀ (chronic obstructive pulmonary disease) ਜਾਂ ਸਿਸਟਿਕ ਫਾਈਬ੍ਰੋਸਿਸ (cystic fibrosis)
  - ਗੁਰਦੇ ਦੀ ਬੀਮਾਰੀ, ਜਿਗਰ ਦੀ ਚਿਰਕਾਲੀ ਬੀਮਾਰੀ ਜਿਵੇਂ ਕਿ ਹੈਪੇਟਾਈਟਸ, ਡਾਇਬੀਟੀਜ਼, ਕੈਂਸਰ, ਅਨੀਮੀਆ, ਜਾਂ ਸਰੀਰ ਨੂੰ ਬੀਮਾਰੀ ਤੋਂ ਬਚਾਉਣ ਵਾਲੀ ਕਮਜ਼ੋਰ ਪ੍ਰਣਾਲੀ
  - ਸਿਹਤ ਸੰਬੰਧੀ ਅਜਿਹੀਆਂ ਅਵਸਥਾਵਾਂ ਵਾਲੇ ਲੋਕ ਜੋ ਸਾਹ ਲੈਣ ਜਾਂ ਨਿਗਲਣ, ਜਾਂ ਭੋਜਨ ਜਾਂ ਤਰਲ ਪਦਾਰਥਾਂ ਦੇ ਗਲੇ ਵਿਚ ਫਸਣ ਦੇ ਜੋਖਮ ਦਾ ਕਾਰਨ ਬਣਦੀਆਂ ਹਨ, ਜਿਵੇਂ ਕਿ ਤੀਬਰ ਦਿਮਾਗੀ ਨੁਕਸਾਨ, ਰੀੜ ਦੀ ਹੱਡੀ ਦੀ ਸੱਟ, ਦੌਰੇ ਜਾਂ ਨਿਊਰੋਮਸਕੂਲਰ (neuromuscular) ਬੀਮਾਰੀਆਂ
- ਉਹ ਲੋਕ ਜੋ ਬਹੁਤ ਮੋਟੇ ਹਨ

**ਉਹ ਲੋਕ ਜੋ ਇੰਨਫਲੂਐਨਜ਼ਾ ਕਰਕੇ ਗੰਭੀਰ ਬੀਮਾਰੀ ਦੇ ਜਿਆਦਾ ਖਤਰੇ ਵਾਲੇ ਲੋਕਾਂ ਤਕ ਇੰਨਫਲੂਐਨਜ਼ਾ ਦਾ ਸੰਚਾਰ ਕਰ ਸਕਣ ਜਾਂ ਫੈਲਾ ਸਕਣ ਦੇ ਸਮਰਥ ਹਨ, ਜਿਸ ਵਿਚ ਸ਼ਾਮਲ ਹਨ:**

- ਜਿਆਦਾ ਖਤਰੇ ਵਾਲੇ ਲੋਕਾਂ ਦੇ ਘਰਾਂ ਵਿੱਚ ਸੰਪਰਕ ਵਿੱਚ ਆਉਣ ਵਾਲੇ ਲੋਕ
- 5 ਸਾਲ ਤੋਂ ਘੱਟ ਉਮਰ ਦੇ ਬਚਿਆਂ ਦੇ ਘਰਾਂ ਵਿੱਚ ਸੰਪਰਕ ਵਿੱਚ ਆਉਣ ਵਾਲੇ ਲੋਕ, ਦੇਖਭਾਲ ਕਰਨ ਵਾਲੇ ਅਤੇ ਡੇਕੇਅਰ ਕਰਮਚਾਰੀ
- ਸਿਹਤ ਸੰਬੰਧੀ ਥਾਵਾਂ ਵਿਚ ਕੰਮ ਕਰਨ ਵਾਲੇ ਡਾਕਟਰ, ਨਰਸਾਂ ਅਤੇ ਦੂਸਰੇ ਲੋਕ ਜਿੰਨਾਂ ਦਾ ਸੰਪਰਕ ਮਰੀਜ਼ਾਂ ਦੇ ਨਾਲ ਹੁੰਦਾ ਹੈ
- ਸਿਹਤ ਸੰਭਾਲ ਦੀਆਂ ਸਹੂਲਤਾਂ ਅਤੇ ਮਰੀਜ਼ਾਂ ਦੀ ਦੇਖਭਾਲ ਦੇ ਟਿਕਾਣਿਆਂ ਤੇ ਜਾਣ ਵਾਲੇ ਮਿਹਮਾਨ
- ਸੂਬਾਈ ਸੁਧਾਰਕ ਸੁਵਿਧਾਵਾਂ ਵਿੱਚ ਰਹਿਣ ਵਾਲੇ ਲੋਕ
- ਉਹ ਲੋਕ ਜੋ ਸੰਭਾਵੀ ਆਉਟਬ੍ਰੇਕ ਵਾਲੀਆਂ ਥਾਵਾਂ ਜਿਵੇਂ ਕਿ ਕਰੂਜ਼ ਸ਼ਿਪਾਂ, ਵਿੱਚ ਜਿਆਦਾ ਖਤਰੇ ਵਾਲੇ ਲੋਕਾਂ ਦੀ ਦੇਖਭਾਲ ਜਾਂ ਸੇਵਾ ਕਰਦੇ ਹਨ

**ਦੂਸਰੇ ਸਮੂਹ ਜੋ ਵੀ ਫਲੂ ਦਾ ਟੀਕਾ ਮੁਫਤ ਦਿਤੇ ਜਾਣ ਲਈ ਯੋਗ ਹਨ ਵਿਚ ਸ਼ਾਮਲ ਹਨ:**

- ਉਹ ਲੋਕ ਜੋ ਜ਼ਰੂਰੀ ਕਮਿਊਨਿਟੀ ਸੇਵਾਵਾਂ ਮੁਹੱਈਆ ਕਰਦੇ ਹਨ ਜਿਵੇਂ ਕਿ ਪੁਲਿਸ ਅਫਸਰ, ਫਾਇਰਫਾਈਟਰ, ਐਮਬੁਲੈਂਸ ਅਟੈਂਡੰਟ ਅਤੇ ਕਰੈਕਸ਼ਨਜ਼ ਵਰਕਰ
- ਜ਼ਿੰਦਾ ਪੋਲਟਰੀ ਦੇ ਨਾਲ ਕੰਮ ਕਰਨ ਵਾਲੇ ਲੋਕ

ਇਹ ਪਤਾ ਕਰਨ ਲਈ ਕਿ ਕੀ ਤੁਸੀਂ ਯੋਗ ਹੋ, ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ ਜਾਂ ਹੈਲਥਲਿੰਕਬੀਸੀ ਨੂੰ **8-1-1** ਤੇ ਫੋਨ ਕਰੋ।

ਜੇ ਤੁਸੀਂ ਮੁਫਤ ਇੰਨਫਲੂਐਨਜ਼ਾ ਵੈਕਸੀਨ ਲਈ ਯੋਗ ਨਹੀਂ ਹੋ, ਤਾਂ ਤੁਸੀਂ ਉਸਨੂੰ ਜ਼ਿਆਦਾਤਰ ਫਾਰਮੇਸੀਆਂ ਅਤੇ ਟਰੈਵਲ ਕਲੀਨਿਕਾਂ ਤੋਂ ਖਰੀਦ ਸਕਦੇ ਹੋ। ਕੁਝ ਰੁਜ਼ਗਾਰਦਾਤਾ ਵੀ ਆਪਣੇ ਕਰਮਚਾਰੀਆਂ ਲਈ ਮੁਫਤ ਵੈਕਸੀਨ ਮੁਹਈਆ ਕਰਵਾਉਂਦੇ ਹਨ।

## ਵੈਕਸੀਨ ਕਿਸ ਤਰ੍ਹਾਂ ਦਿੱਤੀ ਜਾਂਦੀ ਹੈ?

ਵੈਕਸੀਨ ਟੀਕੇ ਰਾਂਹੀ ਦਿੱਤੀ ਜਾਂਦੀ ਹੈ, ਆਮਤੌਰ ਤੇ 1 ਖੁਰਾਕ ਦੇ ਤਰ੍ਹਾਂ। 9 ਸਾਲ ਤੋਂ ਘੱਟ ਉਮਰ ਦੇ ਬਚੇ ਜਿੰਨਾਂ ਨੂੰ ਕਦੇ ਵੀ ਸੀਜ਼ਨਲ ਇੰਨਫਲੂਐਨਜ਼ਾ ਵੈਕਸੀਨ ਨਹੀਂ ਮਿਲੀ ਹੈ, ਨੂੰ 2 ਖੁਰਾਕਾਂ ਦੀ ਲੋੜ ਹੈ। ਵੈਕਸੀਨ ਦੀ ਦੂਸਰੀ ਖੁਰਾਕ ਉਨ੍ਹਾਂ ਦੀ ਰੱਖਿਆ ਦੇ ਸਤਰ ਨੂੰ ਵਧਾਉਣ ਲਈ ਮਹਤਵਪੂਰਨ ਹੈ ਅਤੇ ਪਹਿਲੀ ਖੁਰਾਕ ਤੋਂ 4 ਹਫਤੇ ਬਾਅਦ ਦਿੱਤੀ ਜਾਣੀ ਚਾਹੀਦੀ ਹੈ।

## ਵੈਕਸੀਨ ਲੈਣ ਦੇ ਕੀ ਲਾਭ ਹਨ?

ਵੈਕਸੀਨ ਇੰਨਫਲੂਐਨਜ਼ਾ, ਜੋ ਕਿ ਗੰਭੀਰ ਅਤੇ ਕਈ ਵਾਰੀ ਜਾਨਲੇਵਾ ਬੀਮਾਰੀ ਹੁੰਦੀ ਹੈ, ਦੇ ਵਿਰੁੱਧ ਰੱਖਿਆ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਜਦੋਂ ਤੁਸੀਂ ਬੀਮਾਰੀਆਂ ਤੋਂ ਬਚਾਉਣ ਲਈ ਟੀਕੇ ਲਗਵਾਉਂਦੇ ਹੋ, ਤਾਂ ਤੁਸੀਂ ਦੂਜਿਆਂ ਦੀ ਰੱਖਿਆ ਕਰਨ ਦੇ ਨਾਲ ਹੀ ਇੰਨਫਲੂਐਨਜ਼ਾ ਵਾਇਰਸ ਦੇ ਫੈਲਣ ਨੂੰ ਘਟਾਉਣ ਵਿੱਚ ਵੀ ਮਦਦ ਕਰਦੇ ਹੋ।

## ਵੈਕਸੀਨ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਵੈਕਸੀਨ ਪ੍ਰਤੀ ਆਮ ਪ੍ਰਤੀਕ੍ਰਿਆਵਾਂ ਵਿੱਚ ਵੈਕਸੀਨ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ, ਅਤੇ ਸੋਜ ਸ਼ਾਮਲ ਹੋ ਸਕਦੇ ਹਨ। ਦੂਸਰੇ ਲਛਣਾਂ ਵਿਚ ਸ਼ਾਮਲ ਹੋ ਸਕਦੇ ਹਨ ਬੁਖਾਰ, ਸਿਰਦਰਦ, ਦੁਖਦੀਆਂ ਮਾਸਪੇਸ਼ੀਆਂ ਅਤੇ ਥਕਾਵਟ ਜੋ 1 ਤੋਂ 2 ਦਿਨਾਂ ਤਕ ਰਹਿ ਸਕਦੇ ਹਨ। 20 ਲੋਕਾਂ ਵਿੱਚੋਂ 1 ਤੋਂ ਘੱਟ ਲੋਕਾਂ ਨੂੰ

ਓਕੁਲੋਰੈਸਪੀਰੇਟਰੀ ਸਿੰਡਰੋਮ (ਓਆਰਐਸ) (oculo-respiratory syndrome (ORS)) ਹੋ ਸਕਦਾ ਹੈ। ਓਆਰਐਸ (ORS) ਦੇ ਲੱਛਣਾਂ ਵਿੱਚ ਸ਼ਾਮਲ ਹਨ ਲਾਲ ਅੱਖਾਂ ਅਤੇ ਖੰਘ ਅਤੇ/ਜਾਂ ਗਲੇ ਵਿੱਚ ਪੀੜ ਅਤੇ/ਜਾਂ ਅਵਾਜ਼ ਦਾ ਬੈਠਣਾ।

ਇੰਨਐਕਟੀਵੇਟਿਡ ਇੰਨਫਲੂਐਨਜ਼ਾ ਵੈਕਸੀਨ ਤੁਹਾਨੂੰ ਇੰਨਫਲੂਐਨਜ਼ਾ ਨਹੀਂ ਦੇ ਸਕਦਾ ਕਿਉਂਕਿ ਉਸ ਵਿੱਚ ਮਾਰੇ ਗਏ ਇੰਨਫਲੂਐਨਜ਼ਾ ਵਾਇਰਸ ਹੁੰਦੇ ਹਨ ਜੋ ਵਿਗਾੜ ਦਾ ਕਾਰਨ ਨਹੀਂ ਬਣ ਸਕਦੇ।

ਅਸੀਟਾਮੇਨੋਫੇਨ (Acetaminophen) (ਉਦਹਾਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਏਐਸਏ(ASA) (ਉਦਹਾਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

ਰਾਈ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ HealthLinkBC File #84 ਰਾਈ ਸਿੰਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ, ਇੱਕ ਮਿਲੀਅਨ ਵਿੱਚੋਂ 1 ਤੋਂ ਵੀ ਘੱਟ, ਸੰਭਾਵਨਾ ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹੀ ਪ੍ਰਤੀਕਿਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਸ਼ਾਮਲ ਹੈ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੂਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ। ਜੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਸਾਰੀਆਂ ਗੰਭੀਰ ਜਾਂ ਅਣਿਆਈ ਪ੍ਰਤੀਕ੍ਰਿਆਵਾਂ ਬਾਰੇ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਹਮੇਸ਼ਾ ਦੱਸਣਾ ਮਹੱਤਵਪੂਰਨ ਹੈ।

ਗੁਲਿਅਨ-ਬਾਰ ਸਿੰਡ੍ਰੋਮ (Guillain-Barré Syndrome (GBS) ਜੀਬੀਐਸ) ਇਕ ਅਜਿਹੀ ਵਿਰਲੀ ਅਵਸਥਾ ਹੈ ਜਿਸ ਦਾ ਨਤੀਜਾ ਸਰੀਰ ਦੀਆਂ ਮਾਸਪੇਸ਼ੀਆਂ ਦੀ ਕਮਜ਼ੋਰੀ ਅਤੇ ਲਕਵਾ ਹੋ ਸਕਦਾ ਹੈ। ਇਸ ਸਭ ਤੋਂ ਆਮਤੌਰ ਤੇ ਵਿਗਾੜ ਤੋਂ ਬਾਅਦ ਵਾਪਰਦੀ ਹੈ, ਪਰ ਵਿਰਲੇ ਕੇਸਾਂ ਵਿੱਚ ਇਹ ਕੁਝ ਵੈਕਸੀਨਾਂ ਤੋਂ ਬਾਅਦ ਵੀ ਵਾਪਰ ਸਕਦੀ ਹੈ। ਜੀਬੀਐਸ ਪ੍ਰਾਪਤ ਕਰਨ ਵਾਲੇ ਹਰੇਕ ਮਿਲੀਅਨ ਲੋਕਾਂ ਵਿੱਚੋਂ 1 ਵਿੱਚ ਇੰਨਫਲੂਐਨਜ਼ਾ ਵੈਕਸੀਨ ਦੇ ਨਾਲ ਸੰਬੰਧਿਤ ਜੋ ਸਕਦੀ ਹੈ।

## ਇੰਨਐਕਟੀਵੇਟਿਡ ਇੰਨਫਲੂਐਨਜ਼ਾ ਵੈਕਸੀਨ ਕਿਸ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ?

ਆਪਣੀ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇ:

- ਤੁਹਾਨੂੰ ਇੰਨਫਲੂਐਨਜ਼ਾ ਵੈਕਸੀਨ ਦੀ ਪੂਰਵ ਖੁਰਾਕ ਜਾਂ ਵੈਕਸੀਨ ਦੇ ਕਿਸੇ ਅੰਸ਼ (ਅੰਡਿਆਂ ਪ੍ਰਤੀ ਅਲਰਜੀ ਵਾਲੇ ਲੋਕਾਂ ਵਾਸਤੇ ਬੀਮਾਰੀ ਤੋਂ ਬਚਾਉਣ ਲਈ ਟੀਕਾ ਦੇਣਾ ਸੁਰਖਿਅਤ ਹੈ) ਪ੍ਰਤੀ ਜਾਨ ਨੂੰ ਖਤਰੇ ਵਿੱਚ ਪਾਉਣ ਵਾਲੀ ਪ੍ਰਤੀਕਿਰਿਆ ਹੋਈ ਹੈ
- ਤੁਹਾਨੂੰ ਪੂਰਵ ਫਲੂ ਦੇ ਟੀਕੇ ਦੇ ਬਾਅਦ ਤੀਬਰ ਓਕੁਲੋ-ਰੈਸਪੀਰੇਟਰੀ ਸਿੰਡਰੋਮ ਹੋਇਆ ਹੈ
- ਤੁਹਾਡੇ ਕਿਸੇ ਵੀ ਇੰਨਫਲੂਐਨਜ਼ਾ ਵੈਕਸੀਨ ਪ੍ਰਾਪਤ ਕਰਨ ਦੇ 8 ਹਫਤਿਆਂ ਦੇ ਅੰਦਰ ਕਿਸੇ ਹੋਰ ਕਾਰਨ ਦੀ ਪਛਾਣ ਕੀਤੇ ਬਿਨਾਂ ਗੁਲਿਅਨ – ਬਾਰ (Guillain-Barré Syndrome (GBS)) ਵਿਕਸਤ ਹੋ ਗਿਆ
- ਤੁਸੀਂ ਕੈਂਸਰ ਦਾ ਇਲਾਜ ਕਰਨ ਲਈ ਚੈੱਕਪੌਇੰਟ ਇਨਹੀਬਿਟਰ ਪ੍ਰਾਪਤ ਕਰ ਰਹੇ ਹੋ। ਇਹ ਪ੍ਰਭਾਵਿਤ ਕਰ ਸਕਦਾ ਹੈ ਕਿ ਤੁਹਾਨੂੰ ਵੈਕਸੀਨ ਕਦੋਂ ਲੈਣੀ ਚਾਹੀਦੀ ਹੈ

6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੈਕਸੀਨ ਨਹੀਂ ਦਿੱਤੀ ਜਾਣੀ ਚਾਹੀਦੀ ਕਿਉਂਕਿ ਉਸਦਾ ਇਸ ਉਮਰ ਤੇ ਪ੍ਰਭਾਵਸ਼ਾਲੀ ਹੋਣਾ ਗਿਆਤ ਨਹੀਂ ਹੈ।

ਜ਼ੁਕਾਮ ਜਾਂ ਕਿਸੇ ਹੋਰ ਹਲਕੀ ਬੀਮਾਰੀ ਕਰਕੇ ਬੀਮਾਰੀਆਂ ਤੋਂ ਬਚਾਉਣ ਵਾਲੇ ਟੀਕੇ ਲਗਵਾਉਣ ਨੂੰ ਟਾਲਣ ਦੀ ਲੋੜ ਨਹੀਂ ਹੈ। ਪਰ, ਜੇ ਤੁਹਾਡੀਆਂ ਕੁਝ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

## ਇੰਨਫਲੂਐਨਜ਼ਾ ਕੀ ਹੈ?

ਇੰਨਫਲੂਐਨਜ਼ਾ, ਇੰਨਫਲੂਐਨਜ਼ਾ ਵਾਇਰਸ ਕਰਕੇ ਹੋਣ ਵਾਲਾ ਸਾਹ ਦੀ ਨਲੀ ਦੇ ਉਪਰੀ ਹਿੱਸੇ ਦਾ ਵਿਗਾੜ ਹੈ। ਇੰਨਫਲੂਐਨਜ਼ਾ ਵਾਲੇ ਵਿਅਕਤੀ ਨੂੰ ਵਾਇਰਲ ਜਾਂ ਬੈਕਟੀਰੀਅਲ ਨਿਮੋਨੀਆ, ਜੋ ਕਿ ਫੇਫੜਿਆਂ ਦਾ ਵਿਗਾੜ ਹੈ ਸਮੇਤ, ਦੂਸਰੇ ਵਿਗਾੜਾਂ ਦਾ ਖਤਰਾ ਹੈ।

ਇੰਨਫਲੂਐਨਜ਼ਾ ਖੰਘਣ, ਛਿੱਕਣ, ਜਾਂ ਮੂੰਹ ਤੋਂ ਮੂੰਹ ਦੇ ਸੰਪਰਕ ਹੋਣ ਰਾਹੀਂ ਇੱਕ ਵਿਅਕਤੀ ਤੋਂ ਦੂਸਰੇ ਤਕ ਅਸਾਨੀ ਨਾਲ ਫੈਲਦਾ ਹੈ। ਇਹ ਵਾਇਰਸ ਉਸ ਵੇਲੇ ਵੀ ਫੈਲ ਸਕਦਾ ਹੈ ਜਦੋਂ ਇਕ ਵਿਅਕਤੀ ਦੂਸਰੇ ਵਿਅਕਤੀ ਜਾਂ ਚੀਜ਼ ਦੇ ਉਤੇ ਖਾਂਸੀ ਜਾਂ ਛਿਕ ਤੋਂ ਛੋਟੀਆਂ ਬੂੰਦਾਂ ਨੂੰ ਛੂਹੰਦੇ ਹਨ ਅਤੇ ਫਿਰ ਉਨ੍ਹਾਂ ਦੇ ਹਥਾਂ ਨੂੰ ਧੋਣ ਤੋਂ ਪਹਿਲਾਂ ਉਨ੍ਹਾਂ ਦੀਆਂ ਅੱਖਾਂ, ਮੂੰਹ ਜਾਂ ਨਕ ਨੂੰ ਛੂਹੰਦੇ ਹਨ।

## ਇੰਨਫਲੂਐਨਜ਼ਾ ਰੋਕਥਾਮ ਪਾਲਸੀ ਕੀ ਹੈ?

ਬੀ ਸੀ ਵਿੱਚ ਸਿਹਤ ਸੰਬੰਧੀ ਅਥਾਰਟੀਆਂ ਦੀ ਜ਼ਿਆਦਾ ਖਤਰੇ ਵਾਲੇ ਲੋਕਾਂ ਨੂੰ ਇੰਨਫਲੂਐਨਜ਼ਾ ਤੋਂ ਸੁਰਿੱਖਅਤ ਰੱਖਣ ਲਈ ਇੰਨਫਲੂਐਨਜ਼ਾ ਰੋਕਥਾਮ ਪਾਲਸੀ ਹੈ। ਸਿਹਤ ਦੇਖਭਾਲ ਕਰਮਚਾਰੀਆਂ ਵਾਸਤੇ ਇੰਨਫਲੂਐਨਜ਼ਾ ਵਿਰੂੱਧ ਟੀਕਾਕਰਨ ਕਰਵਾਉਣਾ ਜਾਂ ਮਰੀਜ਼ਾਂ ਦੀ ਦੇਖਭਾਲ ਵਾਲੇ ਖੇਤਰਾਂ ਵਿੱਚ ਹੋਣ ਦੌਰਾਨ ਮਾਸਕ ਪਹਿਨਣ ਦੀ ਲੋੜ ਹੈ। ਵਿਦਿਆਰਥੀਆਂ, ਵਲੰਟੀਅਰਾਂ ਅਤੇ ਸਿਹਤ ਦੀ ਦੇਖਭਾਲ ਦੀਆਂ ਸੁਵਿਧਾਵਾਂ ਅਤੇ ਮਰੀਜ਼ਾਂ ਦੀ ਦੇਖਭਾਲ ਵਾਲੇ ਦੂਸਰੇ ਸਥਾਨਾਂ ਵਿੱਚ ਆਉਣ ਵਾਲੇ ਮਿਹਮਾਨਾਂ ਤੋਂ ਇਹ ਆਸ ਵੀ ਕੀਤੀ ਜਾਂਦੀ ਹੈ ਕਿ ਉਹ ਮਾਸਕ ਪਾਉਣ ਜੇ ਉਨ੍ਹਾਂ ਨੇ ਇੰਨਫਲੂਐਨਜ਼ਾ ਵੈਕਸੀਨ ਨਹੀਂ ਲਈ ਹੈ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ ਦੇਖੋ।

## ਹੋਰ ਜਾਣਕਾਰੀ ਲਈ

ਹੋਰ ਜਾਣਕਾਰੀ ਲਈ, ਹੇਠਾਂ ਦਿੱਤੀਆਂ ਹੈਲਥਲਿੰਕ ਬੀ ਸੀ ਫਾਇਲਾਂ ਦੇਖੋ:

- HealthLinkBC File #12a ਬਜ਼ੁਰਗਾਂ ਨੂੰ ਇੰਨਐਕਟੀਵੇਟਿਡ ਇੰਨਫਲੂਐਨਜ਼ਾ (ਫਲੂ) ਵੈਕਸੀਨ ਕਿਉਂ ਲੈਣੀ ਚਾਹੀਦੀ ਹੈ
- HealthLinkBC File #12b ਇੰਫਲੂਐਂਜ਼ਾ (ਫਲੂ) ਬਾਰੇ ਤੱਥ
- HealthLinkBC File #12c ਇਨਫਲੂਐਂਜ਼ਾ (ਫਲੂ) ਇੰਮਿਊਨਾਈਜ਼ੇਸ਼ਨ: ਮਿਥਾਂ ਅਤੇ ਤੱਥ
- HealthLinkBC File #12e ਲਾਇਵ ਅਟੈਨੁਏਟਿਡ ਇੰਨਫਲੂਐਨਜ਼ਾ (ਫਲੂ) ਵੈਕਸੀਨ

ਇਮਿਊਨਾਈਜ਼ੇਸ਼ਨਾਂ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਇਮਿਊਨਾਈਜ਼ ਬੀ.ਸੀ. ਦੀ ਇਹ ਵੈੱਬਸਾਈਟ https://immunizebc.ca/ ਦੇਖੋ।